58

ਮੰਨਜ਼ੂਰੀ ਨੰ: 5

ਪੰਜਾਬ ਸਰਕਾਰ
**ਯੋਜਨਾਬੰਦੀ ਵਿਭਾਗ**
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ,

ਡਿਪਟੀ ਕਮਿਸ਼ਨਰ,
ਜਿਲ੍ਹਾ ਫਿਰੋਜ਼ਪੁਰ।

ਮੀਮੋ ਨੰ: 2/1-ਪਸਪਬ/ਸ.ਯੋ./2019-20/ 3321
ਮਿਤੀ 04/9/2019 ਚੰਡੀਗੜ੍ਹ

ਵਿਸ਼ਾ:- **ਸਕੀਮ ਪੀ.ਐਮ.-3** 'Untied Funds of CM/ Dy. CM/FM' **ਅਧੀਨ ਸਾਲ 2019-20 ਦੌਰਾਨ ਪਿੰਡ ਅਮੀਰਸ਼ਾਹ ਵਾਲਾ, ਬਲਾਕ ਮੱਖੂ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਵਿਕਾਸ ਕਾਰਜਾਂ ਲਈ 17.84 ਲੱਖ ਰੁਪਏ ਦੀ ਰਾਸ਼ੀ ਮੰਨਜ਼ੂਰ ਕਰਨ ਬਾਰੇ।**

ਰਾਜਪਾਲ ਪੰਜਾਬ ਜੀ, ਸਕੀਮ ਪੀ.ਐਮ.-3 'Untied Funds of CM/Dy. CM/FM' ਅਧੀਨ ਮੁੱਖ ਮੰਤਰੀ, ਪੰਜਾਬ ਜੀ ਲਈ ਸਾਲ 2019-20 ਦੌਰਾਨ ਈਅਰਮਾਰਕ ਕੀਤੇ ਗਏ ਬੰਧਨ ਮੁਕਤ ਫੰਡਾਂ ਵਿਚੋਂ ਪਿੰਡ ਅਮੀਰਸ਼ਾਹ ਵਾਲਾ, ਬਲਾਕ ਮੱਖੂ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਵਿਕਾਸ ਕਾਰਜਾਂ ਲਈ 17.84 ਲੱਖ ਰੁਪਏ(ਸਤਾਰਾ ਲੱਖ ਚੁਰਾਸੀ ਹਜ਼ਾਰ ਰੁਪਏ) ਦੀ ਰਾਸ਼ੀ ਸਮੇਤ ਸਪੈਸ਼ਲ ਕੰਪੋਨੈਂਟ ਪਲਾਨ ਜਾਰੀ ਕਰਨ ਸਬੰਧੀ ਹੇਠ ਲਿਖੇ ਅਨੁਸਾਰ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ:-

ਜ਼ਿਲਾ: ਫਿਰੋਜ਼ਪੁਰ

(ਰਾਸ਼ੀ ਲੱਖਾਂ ਵਿੱਚ)

| ਲੜੀ ਨੰ: | ਸੰਸਥਾ | ਮੰਤਵ | ਮੰਗ ਨੰ: 19, ਮੁੱਖ ਮੱਦ 5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ | | ਕੁੱਲ ਜੋੜ (4+5) |
|---|---|---|---|---|---|
| | | | 112 ਅੰਕੜੇ - 12.00 - 53 ਮੇਜਰ ਵਰਕਸ | 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ - 08.00 - 53 ਮੇਜਰ ਵਰਕਸ | |
| 1 | 2 | 3 | 4 | 5 | 6 |
| 1 | ਡਿਪਟੀ ਕਮਿਸ਼ਨਰ, ਫਿਰੋਜ਼ਪੁਰ | ਪਿੰਡ ਅਮੀਰਸ਼ਾਹ ਵਾਲਾ, ਬਲਾਕ ਮੱਖੂ ਦੇ ਸਕੂਲ ਦੀ ਚਾਰਦੀਵਾਰੀ/ਬਿਲਡਿੰਗ ਦੀ ਉਸਾਰੀ ਲਈ | 7.26 | 3.41 | 10.67 |
| 2 | ਡਿਪਟੀ ਕਮਿਸ਼ਨਰ, ਫਿਰੋਜ਼ਪੁਰ | ਪਿੰਡ ਅਮੀਰਸ਼ਾਹ ਵਾਲਾ, ਬਲਾਕ ਮੱਖੂ ਵਿਖੇ ਡਿਸਪੈਂਸਰੀ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ | 4.88 | 2.29 | 7.17 |
| | **ਕੁੱਲ ਜੋੜ** | | **12.14** | **5.70** | **17.84** |

2. ਇਹ ਸੈਂਕਸ਼ਨ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ :-

1) ਸਕੀਮ ਪੀ ਐਮ 3 ਮੁੱਖ ਮੰਤਰੀ/ਉਪ ਮੁੱਖ ਮੰਤਰੀ/ਵਿੱਤ ਅਤੇ ਯੋਜਨਾ ਮੰਤਰੀ ਦੇ ਬੰਧਨ ਮੁਕਤ ਫੰਡਾਂ ਅਧੀਨ ਰਾਸ਼ੀ ਇਸ ਵਿਭਾਗ ਦੇ ਮੀਮੋ ਨੰ:2/1/ਪਸਪਬ-ਯੋਅ(ਸ.ਪ.)/ਹਦਾਇਤਾ/ 2012-13/1352 ਮਿਤੀ 21/03/2013 ਰਾਹੀਂ ਜਾਰੀ ਕੀਤੀਆਂ ਅਗਵਾਹੀ ਲੀਹਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਖਰਚ ਕੀਤੀ ਜਾਵੇ।

2) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਦੀ ਜ਼ਿੰਮੇਵਾਰੀ ਹੋਵੇਗੀ ਕਿ ਖਜ਼ਾਨੇ ਵਿਚੋਂ ਰਾਸ਼ੀ ਅਸਲ ਲੋੜ ਅਨੁਸਾਰ ਹੀ ਡਰਾਅ ਕਰਵਾਈ ਜਾਵੇ।



Scanned by CamScanner

3) ਰਾਸ਼ੀ ਸਿਰਫ ਉਸ ਮੰਤਵ ਲਈ ਹੀ ਖਰਚ ਕੀਤੀ ਜਾਵੇਗੀ ਜਿਸ ਮੰਤਵ ਲਈ ਇਹ ਰਾਸ਼ੀ ਜ਼ਾਰੀ ਕੀਤੀ ਗਈ ਹੈ ਅਤੇ ਇਸ ਤੋਂ ਇਲਾਵਾ ਕਿਸੇ ਹੋਰ ਮੰਤਵ ਲਈ ਇਹ ਰਾਸ਼ੀ ਖਰਚ ਕਰਨ ਦੀ ਆਗਿਆ ਨਹੀਂ ਹੋਵੇਗੀ।

4) ਜੇਕਰ ਇਸ ਮੰਤਵ ਲਈ ਰਾਸ਼ੀ ਇਸ ਵਿਭਾਗ ਦੁਆਰਾ ਪਹਿਲਾਂ ਵੀ ਜ਼ਾਰੀ ਕੀਤੀ ਗਈ ਹੈ ਜਾਂ ਹੋਰ ਸਾਧਨਾਂ ਤੋਂ ਪ੍ਰਾਪਤ ਹੋ ਚੁੱਕੀ ਹੈ ਤਾਂ ਅਨੁਮਾਨਤ ਲਾਗਤ ਦੇ ਫਰਕ ਨੂੰ ਮੀਟ ਕਰਨ ਲਈ ਲੋੜੀਂਦੀ ਰਾਸ਼ੀ ਹੀ ਸਰਕਾਰੀ ਖਜ਼ਾਨੇ ਵਿਚੋਂ ਡਰਾਅ ਕਰਵਾਈ ਜਾਵੇ। ਰਾਸ਼ੀ ਜ਼ਾਰੀ ਕਰਨ ਤੋਂ ਪਹਿਲਾਂ ਕਾਰਜਕਾਰੀ ਵਿਭਾਗ/ਏਜੰਸੀ ਤੋਂ ਇਸ ਸਬੰਧੀ ਯਕੀਨੀ ਬਣਾ ਲਿਆ ਜਾਵੇ।

5) ਨਿੱਜੀ ਸੰਸਥਾਵਾਂ/ਸਵੈ-ਇੱਛਾ ਸੰਗਠਨਾਂ ਨੂੰ ਕੋਈ ਰਾਸ਼ੀ ਜ਼ਾਰੀ ਨਹੀਂ ਕੀਤੀ ਜਾਵੇਗੀ ਅਤੇ ਕੰਮ ਸਰਕਾਰੀ ਏਜੰਸੀ ਦੁਆਰਾ ਹੀ ਕਰਵਾਇਆ ਜਾਵੇ।

6) ਖਰਚੇ ਨੂੰ ਮਹਾਂਲੇਖਾਕਾਰ, ਪੰਜਾਬ ਦੇ ਦਫ਼ਤਰ ਨਾਲ ਮਿਲਾਨ ਕਰਵਾਉਣਾ ਅਤੇ ਏ.ਸੀ./ਡੀ.ਸੀ. ਬਿਲ ਭੇਜਣੇ ਯਕੀਨੀ ਬਣਾਏ ਜਾਣ।

7) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਤੋਂ ਰਲੀਜ ਕੀਤੇ ਗਏ ਫੰਡਾਂ ਦੇ ਖਪਤ ਸਰਟੀਫਿਕੇਟ ਜਿੰਨੀ ਜਲਦੀ ਹੋ ਸਕੇ, ਪ੍ਰਾਪਤ ਕੀਤੇ ਜਾਣ ।

8) ਜਿੱਥੇ ਜਰੂਰੀ ਹੋਵੇ, ਰਾਸ਼ੀ ਜ਼ਾਰੀ ਕਰਨ ਤੋਂ ਪਹਿਲਾਂ ਲਾਗਤ ਦੇ ਤਖ਼ਮੀਨੇ ਅਧਿਕਾਰਤ ਅਥਾਰਟੀ ਤੋਂ ਪ੍ਰਵਾਨ ਕਰਵਾਏ ਜਾਣ ।

3. ਇਹ ਰਾਸ਼ੀ ਵਿੱਤ ਵਿਭਾਗ ਦੇ ਅੰ.ਵਿ.ਪੱ.ਨੰ:FD/FE6/ Senior Assistant 1, FE 6/CGSNO324913 ਮਿਤੀ 26-07-2019 ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾ ਰਹੀ ਹੈ।

ਮਿਤੀ: 4 -09-2019

ਜਸਪਾਲ ਸਿੰਘ
ਪ੍ਰਮੁੱਖ ਸਕੱਤਰ ਯੋਜਨਾ

ਪਿੱਠ ਅੰਕਣ ਨੰ:2/1-ਪਸਪਬ/ਸ.ਯੋ./2019-20/ 3322-3325 ਮਿਤੀ: 04/9/19

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਸੁਪਰਡੰਟ ਵਿੱਤ ਵਿਭਾਗ (ਵਿੱਤ ਖਰਚਾ-6 ਸ਼ਾਖਾ)
2. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ ।
3. ਮਹਾਂਲੇਖਾਕਾਰ (ਏ.ਐਡ ਈ.), ਪੰਜਾਬ, ਚੰਡੀਗੜ੍ਹ ।
4. ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਪੰਜਾਬ, ਚੰਡੀਗੜ੍ਹ ।

ਡਾਇਰੈਕਟਰ

ਪਿੱਠ ਅੰਕਣ ਨੰ: 2/1-ਪਸਪਬ/ਸ.ਯੋ./2019-20/ 3326 ਮਿਤੀ 04/9/19

ਉਤਾਰਾ ਪ੍ਰਮੁੱਖ ਸਕੱਤਰ ਮੁੱਖ ਮੰਤਰੀ ਜੀ ਨੂੰ ਉਨ੍ਹਾਂ ਦੇ ਪਿ.ਅੰ.ਨੰ:8/79/2019 ਮੱ.ਮੰ.ਦ/ਜੀ.ਏ.2/1560051/2 ਮਿਤੀ 29-08-2019 ਦੇ ਸਬੰਧ ਵਿੱਚ ਮੁੱਖ ਮੰਤਰੀ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ

ਪਿੱਠ ਅੰਕਣ ਨੰ:2/1-ਪਸਪਬ/ਸ.ਯੋ./2019-20/ 3327-3333 ਮਿਤੀ: 04/9/19

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਜਿਲ੍ਹਾ ਫਿਰੋਜ਼ਪੁਰ।
2. ਉਪ-ਅਰਥ ਅਤੇ ਅੰਕੜਾ ਸਲਾਹਕਾਰ, ਜਿਲ੍ਹਾ ਫਿਰੋਜ਼ਪੁਰ।
3. ਡਿਪਟੀ ਕੰਟਰੋਲਰ(ਐਫ. ਐਡ ਏ.),ਅੰਦਰੂਨੀ ਆਡਿਟ ਸੰਸਥਾ, ਜਿਲ੍ਹਾ ਫਿਰੋਜ਼ਪੁਰ।
4. ਜ਼ਿਲ੍ਹਾ ਖਜ਼ਾਨਾ ਅਫ਼ਸਰ, ਜਿਲ੍ਹਾ ਫਿਰੋਜ਼ਪੁਰ।
5. ਸੰਯੁਕਤ ਸਕੱਤਰ-ਕਮ-ਡਾਇਰੈਕਟਰ, ਸਪੈਸ਼ਲ ਕੰਪੋਨੈਂਟ ਸਬ ਪਲਾਨ, ਭਲਾਈ ਵਿਭਾਗ, ਪੰਜਾਬ, ਸੈਕਟਰ 17, ਚੰਡੀਗੜ੍ਹ।
6. ਸੁਪਰਡੰਟ, ਜਨਰਲ ਸ਼ਾਖਾ, ਦਫ਼ਤਰ ਮੁੱਖ ਮੰਤਰੀ, ਪੰਜਾਬ, ਕਮਰਾ ਨੰ:20, ਪੰਜਾਬ,ਸਿਵਲ ਸਕੱਤਰੇਤ।
7. ਪ੍ਰੋਗਰਾਮਰ, ਪੰਜਾਬ ਰਾਜ ਯੋਜਨਾ ਬੋਰਡ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸੈਕਸ਼ਨ ਨੂੰ ਨਿਰਧਾਰਤ ਹੈਡ ਵਿੱਚ ਅਪਲੋਡ ਕਰਦੇ ਹੋਏ ਇਸ ਸ਼ਾਖਾ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ।

ਡਾਇਰੈਕਟਰ

ਕਾਪੀ ਵੱਲ-

ਨਿੱਜੀ ਸਕੱਤਰ/ ਪ੍ਰਮੁੱਖ ਸਕੱਤਰ, ਯੋਜਨਾ
ਨਿੱਜੀ ਸਹਾਇਕ/ਵਿਸ਼ੇਸ਼ ਸੱਕਤਰ ਯੋਜਨਾ



Scanned by CamScanner